بِسۡمِ اللّٰہِ الرَّحۡمٰنِ الرَّحِیۡمِ     نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ     وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 29.01.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 29 ਜਨਵਰੀ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ

أَشْهَدُ أَنْ لَا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بعد فاعوذ بالله من الشيطٰن الرجيم۔
بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعَالَمِيْنَ۔ الرَّحْمٰنِ الرَّحِيْمِ۔ مَالِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦਾ ਜੰਗਾ ਵਿੱਚ ਭਾਗ ਲੈਂਣ ਬਾਰੇ ਵਰਨਣ ਕਰਦਾ ਹਾਂ । ਹਜ਼ਰਤ ਉਸਮਾਨ ਬਦਰ ਦੀ ਜੰਗ ਵਿੱਚ ਸ਼ਾਮਲ ਨਹੀਂ ਹੋ ਸਕੇ ਸਨ । ਕਿਉਂਕਿ ਆਪ ਜੀ ਦੀ ਪਤਨੀ ਰੁਕਯੱਾ ਸਪੁਤੱਰੀ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਉਸ ਸਮੇਂ ਸਖ਼ਤ ਬਿਮਾਰ ਸਨ । ਇਸ ਲਈ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਨਿਰਦੇਸ਼ ਦਿਤੱਾ ਕਿ ਇਹਨਾ ਦੀ ਦੇਖਭਾਲ ਲਈ ਮਦੀਨੇ ਵਿੱਚ ਰਹਿਣ ਅਤੇ ਇਹਨਾ ਨੂੰ ਬਦਰ ਵਿੱਚ ਸ਼ਾਮਲ ਹੋਣ ਵਾਲਿਆਂ ਵਾਂਗ ਹੀ ਕਰਾਰ ਦਿਤੱਾ । ਇਸੇ ਲਈ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਆਪ ਲਈ ਬਦਰ ਵਿੱਚ ਸ਼ਾਮਲ ਹੋਣ ਵਾਲਿਆਂ ਵਾਂਗ ਗ਼ਨੀਮਤ ਦੇ ਮਾਲ ਵਿੱਚ ਅਤੇ ਪ੍ਰਤੀਫ਼ਲ ਵਿੱਚ ਹਿੱਸੇਦਾਰ ਨਿਰਧਾਰਤ ਕੀਤਾ ।

ਗ਼ਤਫ਼ਾਨ ਦੀ ਜੰਗ 3 ਹਿਜਰੀ ਵਿੱਚ ਹੋਈ । ਇਸ ਜੰਗ ਲਈ ਨਜਦ ਦੇ ਖੇਤਰ ਵੱਲ ਨਿਕਲਦੇ ਸਮੇਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਉਸਮਾਨ ਨੂੰ ਮਦੀਨੇ ਦਾ ਅਮੀਰ (ਪ੍ਰਧਾਨ) ਨਿਯੁਕਤ ਕੀਤਾ, ਤਾਂ ਇਸ ਪੱਖੋਂ ਵੀ ਆਪ ਇਸ ਜੰਗ ਵਿੱਚ ਸ਼ਾਮਲ ਨਹੀਂ ਹੋ ਸਕੇ । ਇਸ ਜੰਗ ਦਾ ਵਿਸਥਾਰ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਐਮ. ਏ. ਰਜ਼ੀ ਅਲੱਾਹ ਅਨਹੁ ਇਉਂ ਵਰਨਣ ਕਰਦੇ ਹਨ ਕਿ : ਬਨੂ ਗ਼ਤਫ਼ਾਨ ਦੇ ਕੁਝ ਕਬੀਲੇ ਅਰਥਾਤ ਬਨੂ ਸਾਅਲਬਾ ਅਤੇ ਬਨੂ ਮਹਾਰਬ ਦੇ ਲੋਕ ਆਪਣੇ ਇਕ ਨਾਮਵਰ ਜੰਗਜੂ ਦੀ ਤਹਿਰੀਕ'ਤੇ ਅਚਨਚੇਤ ਮਦੀਨੇ ਉਪੱਰ ਹਮਲਾ ਕਰਨ ਦੀ ਨੀਯੱਤ ਨਾਲ ਨਜਦ ਦੇ ਇਕ ਸਥਾਨ ਜ਼ੀਅਮਰ ਵਿੱਚ ਇਕੱਠੇ ਹੋਣੇ ਸ਼ੁਰੂ ਹੋਏ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਸਾਢੇ ਚਾਰ ਸੌ ਸਹਾਬਾ ਦਾ ਜਥੱਾ ਆਪਣੇ ਨਾਲ ਲੈਕੇ ਮਦੀਨੇ ਵਿੱਚੋਂ ਨਿਕਲੇ ਅਤੇ ਤੇਜ਼ੀ ਨਾਲ ਕੂਚ ਕਰਦਿਆਂ ਹੋਇਆਂ ਜ਼ੀਅਮਰ ਅਸਥਾਨ'ਤੇ ਪਹੁੰਚੇ । ਦੁਸ਼ਮਣ ਨੂੰ ਆਪ ਜੀ ਦੇ ਆਉਣ ਦੀ ਸੂਚਨਾ ਮਿਲੀ ਤਾਂ ਉਸਨੇ ਝੱਟ ਪੱਟ ਆਪਣੇ ਆਲ੍ਹੇ ਦੁਆਲੇ ਦੀਆਂ ਪਹਾੜੀਆਂ'ਤੇ ਚੜ੍ਹਕੇ ਆਪਣੇ ਆਪ ਨੂੰ ਸੁਰੱਖਿਅਤ ਕਰ ਲਿਆ ਅਤੇ ਜੱਦ ਮੁਸਲਮਾਨ ਜ਼ੀਅਮਰ ਥਾਂ'ਤੇ ਪਹੁੰਚੇ ਤਾਂ ਮੈਦਾਨ ਖ਼ਾਲੀ ਸੀ । ਅੰਤਤਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਵਾਪਸੀ ਦਾ ਨਿਰਦੇਸ਼ ਦੇਣਾ ਪਿਆ ।

ਉਹਦ ਦੀ ਜੰਗ ਜੋ ਸ਼ਵਾਲ 3 ਹਿਜਰੀ ਵਿੱਚ ਹੋਈ ਸੀ, ਹਜ਼ਰਤ ਉਸਮਾਨ ਇਸ ਵਿੱਚ ਸ਼ਾਮਲ ਹੋਏ ਸਨ । ਜੰਗ ਸਮੇਂ ਸਹਾਬਾ ਦਾ ਇਕ ਜਥੱਾ ਅਜਿਹਾ ਸੀ ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਸ਼ਹੀਦੀ ਦੀ ਖ਼ਬਰ ਸੁਣਕੇ ਰਣਖੇਤਰ ਵਿੱਚ ਖਿੰਡ ਪੁੰਡ ਗਿਆ ।

ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਸ਼ਹੀਦੀ ਦੀ ਖ਼ਬਰ ਸੁਣਕੇ ਮੁਸਲਮਾਨਾ ਦੀ ਰਹੀ ਸਹੀ ਹੋਸ਼ ਵੀ ਜਾਂਦੀ ਰਹੀ ਅਤੇ ਸਾਰਾ ਜਥੱਾ ਖਿੰਡ ਪੁੰਡ ਗਿਆ । ਇਸ ਸਮੇਂ ਮੁਸਲਮਾਨ ਤਿੰਨ੍ਹ ਭਾਗਾਂ ਵਿੱਚ ਵੰਡੇ ਹੋਏ ਸਨ । ਇਕ ਭਾਗ ਉਹ ਜੋ ਖ਼ਿੰਡ ਪੁੰਡ ਗਿਆ ਸੀ ਪਰ ਇਹ ਜਥੱਾ ਬਹੁਤ ਥੋੜ੍ਹਾ ਸੀ । ਇਹਨਾ ਲੋਕਾਂ ਵਿੱਚ ਹਜ਼ਰਤ ਉਸਮਾਨ ਬਿਨ ਅਫ਼ਾਨ ਵੀ ਸ਼ਾਮਲ ਸਨ ਪਰ ਜਿਵੇਂ ਕਿ ਕੁਰਆਨ ਸ਼ਰੀਫ਼ ਵਿੱਚ ਵਰਨਣ ਮਿਲਦਾ ਹੈ ਕਿ ਉਸ ਸਮੇਂ ਦੇ ਵਿਸ਼ੇਸ਼ ਹਾਲਾਤਾਂ ਅਤੇ ਉਹਨਾ ਲੋਕਾਂ ਦੀਆਂ ਮਾਨਸਕ ਅਵਸਥਾ ਤੇ ਅਚਰਣ ਨੂੰ ਦੇਖਦਿਆਂ ਹੋਇਆਂ ਰੱਬ ਨੇ ਉਹਨਾ ਨੂੰ ਬਖ਼ਸ਼ ਦਿਤੱਾ । ਦੂਜੇ ਜੱਥੇ ਵਿੱਚ ਉਹ ਲੋਕ ਸਨ ਜੋ ਭੱਜੇ ਤਾਂ ਨਹੀਂ ਪਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਸ਼ਹੀਦੀ ਦੀ ਖ਼ਬਰ ਸੁਣਕੇ ਜਾਂ ਤਾਂ ਹਿਮੱਤ ਹਾਰ ਬੈਠੇ ਸਨ ਜਾਂ ਹੁਣ ਲੜਨ ਨੂੰ ਬੇਕਾਰ ਸਮਝਦੇ ਸਨ । ਇਸ ਲਈ ਰਣਖੇਤਰ ਤੋਂ ਇਕ ਪਾਸੇ ਹਟੱਕੇ ਲੁਕ ਕੇ ਬੈਠ ਗਏ ਸਨ । ਤੀਜਾ ਜਥੱਾ ਅਜਿਹਾ ਸੀ ਜੋ ਨਿਰੰਤਰ ਲੜ ਰਿਹਾ ਸੀ । ਇਹਨਾ ਵਿੱਚ ਕੁਝ ਤਾਂ ਉਹ ਲੋਕ ਸਨ ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਆਲ੍ਹੇ ਦੁਆਲੇ ਇਕਤੱਰ ਸਨ ਅਤੇ ਅਦਭੁੱਤ ਜਾਨ ਨਿਛਾਵਰੀ ਦੇ ਜੋਹਰ ਦਿਖਾ ਰਹੇ ਸਨ ਅਤੇ ਬਹੁਤੇ ਉਹ ਸਨ ਜੋ ਰਣਖੇਤਰ ਵਿੱਚ ਖਿੰਡੇ ਪੁੰਡੇ ਲੜ ਰਹੇ ਸਨ ।

ਬਹਿਰਹਾਲ ਇਹ ਵਰਨਣ ਕੀਤਾ ਜਾਂਦਾ ਹੈ ਕਿ ਹਜ਼ਰਤ ਉਸਮਾਨ ਨਿਰਾਸ਼ ਹੋਕੇ ਜਾਂ ਕਿਸੇ ਹੋਰ ਕਾਰਣ ਇਸ ਸਮੇਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਖ਼ਬਰ ਸੁਣਕੇ ਉੱਥੋਂ ਚਲੇ ਗਏ ਸਨ ਅਤੇ ਇਸੇ ਪ੍ਰਕਾਰ ਨਿਰਾਸ਼ ਹੋਕੇ ਬਹਿਣ ਵਾਲਿਆਂ ਵਿੱਚ ਹਜ਼ਰਤ ਉਮਰ ਦਾ ਵੀ ਵਰਨਣ ਮਿਲਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਮੈਂ ਵਰਨਣ ਕਰਦਾ ਹਾਂ ਕਿ ਸੁਲਾਹ ਹੁਦੈਬੀਆ (ਹੁਦੈਬੀਆ ਦੇ ਸਥਾਨ'ਤੇ ਹੋਈ ਸੰਧੀ) ਦੇ ਮੌਕੇ ਜੋ ਕੂਟਨੀਤੀ ਹੋਈ ਅਤੇ ਬੈਅਤੇ ਰਿਜ਼ਵਾਨ ਹੋਈ ਇਸ ਵਿੱਚ ਹਜ਼ਰਤ ਉਸਮਾਨ ਦਾ ਕੀ ਕਿਰਦਾਰ ਸੀ ਅਤੇ ਆਪ ਬਾਰੇ ਕੀ ਘਟਨਾਵਾਂ ਮਿਲਦੀਰਆਂ ਹਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਸੁਪਨਾ ਦੇਖਿਆ ਕਿ ਆਪ ਅਤੇ ਆਪ ਦੇ ਸਹਾਬਾ ਅਮਨ ਨਾਲ ਆਪਣੇ ਸਿਰਾਂ ਨੂੰ ਮੁੰਡਵਾਕੇ ਵਾਲਾਂ ਨੂੰ ਛੋਟੇ ਕਰਕੇ ਬੈਤੁਲੱਾਹ (ਖ਼ਾਨਾ ਕਾਬਾ) ਵਿੱਚ ਦਾਖ਼ਲ ਹੋ ਰਹੇ ਹਨ । ਇਸ ਸੁਪਨੇ ਦੇ ਆਧਾਰ'ਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਜ਼ੁਲਕਅਦਹ ਛੇ ਹਿਜਰੀ ਵਿੱਚ ਆਪਣੇ ਚੌਦਾਂ ਸੌ ਸਹਾਬਾ ਨਾਲ ਉਮਰਾ ਕਰਨ ਲਈ ਮਦੀਨਿ ਵਿੱਚੋਂ ਨਿਕਲੇ । ਹੁਦੈਬੀਆ ਦੇ ਸਥਾਨ'ਤੇ ਆਪ ਨੇ ਆਪਣਾ ਪੜਾਅ ਕੀਤਾ । ਕੁਰੈਸ਼ ਨੇ ਆਪਨੂੰ ਉਮਰੇ ਦੀ ਅਦਾਇਗੀ ਤੋਂ ਰੋਕ ਦਿਤੱਾ । ਦੋਹਾਂ ਵਿੱਚ ਜੱਦ ਕੂਟਨੀਤੀ ਦਾ ਅਰੰਭ ਹੋਇਆ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਮੱਕੇ ਦੇ ਜੋਸ਼ ਤੇ ਉਤਸ਼ਾਹ ਦਾ ਹਾਲ ਸੁਣਿਆ ਤਾਂ ਆਪ ਜੀ ਨੇ ਫ਼ਰਮਾਇਆ ਕਿਸੇ ਅਜਿਹੇ ਰਸੂਖ਼ ਰਖੱਣ ਵਾਲੇ ਵਿਅਕਤੀ ਨੂੰ ਭਿਜਵਾਇਆ ਜਾਵੇ ਜੋ ਮੱਕੇ ਦਾ ਹੀ ਵਾਸੀ ਹੋਵੇ ਅਤੇ ਕੁਰੈਸ਼ਾਂ ਦੇ ਕਿਸੇ ਸਨਮਾਨਤ ਕਬੀਲੇ ਨਾਲ ਸੰਬੰਧ ਰਖੱਦਾ ਹਵੇ । ਸੋ, ਇਸ ਉਦੇਸ਼ ਲਈ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਨੂੰ ਭਿਜਵਾਇਆ ਗਿਆ ।

ਹਜ਼ੂਰ ਅਨਵਰ ਨੇ ਇਸ ਘਟਨਾ ਦਾ ਵਿਸਥਾਰਪੂਰਨ ਵਰਨਣ ਕਰਦਿਆਂ ਹੋਇਆਂ ਫ਼ਰਮਾਇਆ : ਕੁਰੈਸ਼ਾਂ ਵਿੱਚ ਇਸ ਸਮੇਂ ਇਕ ਭੈਭੀਤ ਕਰ ਦੇਣ ਵਾਲੀ ਅਵਸਥਾ ਬਣ ਰਹੀ ਸੀ ਅਤੇ ਲੋਕਾਂ ਦੀਆਂ ਦੋ ਪਾਰਟੀਆਂ ਬਣ ਗਈਆਂ ਸਨ । ਇਕ ਪਾਰਟੀ ਹਰ ਅਵਸਥਾ ਵਿੱਚ ਮੁਸਲਮਾਨਾ ਨੂੰ ਵਾਪਸ ਭੇਜਣ ਲਈ ਹੱਠ ਕਰ ਰਹੀ ਸੀ ਅਤੇ ਮੁਕਾਬਲੇ ਦੇ ਵਿਚਾਰਾਂ'ਤੇ ਸਖ਼ਤੀ ਨਾਲ ਕਾਇਮ ਸੀ ਪਰ ਦੂਜੀ ਪਾਰਟੀ ਇਸ ਨੂੰ ਆਪਣੇ ਪੁਰਾਤਨ ਰਿਵਾਇਤਾਂ ਦੇ ਵਿਰੁਧ ਦੇਖਕੇ ਭੈਭੀਤ ਹੋ ਰਹੀਆਂ ਸਨ ਅਤੇ ਕਿਸੇ ਸ਼ਾਂਤਮਈ ਸਮਝੌਤੇ ਦੀਆਂ ਆਸ਼ਾਵੰਦ ਸਨ ਇਸ ਲਈ ਨਿਰਣਾ ਲੱਟਕਿਆ ਹੋਇਆ ਸੀ । ਮੱਕੇ ਦੇ ਕੁਰੈਸ਼ਾਂ ਨੇ ਆਪਣੇ ਜੋਸ਼ ਵਿੱਚ ਅੰਨ੍ਹੇ ਹੋਕੇ ਇਸ ਗੱਲ ਦਾ ਵੀ ਨਿਸ਼ਚਾ ਕੀਤਾ ਕਿ ਹੁਣ ਜੱਦਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਅਤੇ ਆਪਦੇ ਸਹਾਬਾ ਮੱਕੇ ਤੋਂ ਐਨ੍ਹੇ ਨੇੜੇ ਹਨ ਤਾਂ ਇਹਨਾ'ਤੇ ਹਮਲਾ ਕਰਕੇ ਜਿੱਥੋਂ ਤੱਕ ਸੰਭਵ ਹੋਵੇ ਹਾਨੀ ਪਹੁੰਚਾਈ ਜਾਵੇ । ਸੋ, ਇਸ ਮੰਤਵ ਲਈ ਉਹਨਾ ਨੇ ਚਾਲ੍ਹੀ ਪੰਜਾਹ ਵਿਅਕਤੀਆਂ ਦਾ ਇਕ ਜਥੱਾ ਹੁਦੈਬੀਅਹ ਵੱਲ ਭੇਜਿਆ ਅਤੇ ਉਹਨਾ ਨੂੰ ਨਿਰਦੇਸ਼ ਦਿਤੱਾ ਕਿ ਇਸਲਾਮੀ ਕੈਂਪ ਦੇ ਆਲ੍ਹੇ ਦੁਆਲੇ ਫ਼ਿਦਿਆਂ ਹੋਇਆਂ ਤਾਕ ਵਿੱਚ ਰਹਿੰਦਿਆਂ ਹੋਇਆਂ ਅਤੇ ਮੌਕਾ ਦੇਖਕੇ ਮੁਸਲਮਾਨਾਂ ਦਾ ਨੁਕਸਾਨ ਕਰਦੇ ਰਹਿਣ । ਇਸ ਮੌਕੇ'ਤੇ ਕੁਰੈਸ਼ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਕਤਲ ਕਰਨ ਦੀ ਵੀ ਸਾਜ਼ਸ਼ ਕੀਤੀ ਪਰ ਰੱਬ ਦੀ ਆਪਰ ਮਿਹਰ ਨਾਲ ਮੁਸਲਮਾਨ ਆਪਣੀ ਥਾਂ ਹੁਸ਼ਿਆਰ ਸਨ । ਜਿਸ ਕਰਕੇ ਕੁਰੈਸ਼ ਦੀ ਸਾਜ਼ਸ਼ ਦਾ ਭੇਦ ਖੁੱਲ ਗਿਆ ਅਤੇ ਇਹ ਸਾਰੇ ਦੇ ਸਾਰੇ ਗ੍ਰਿਫ਼ਤਾਰ ਕਰ ਲਏ ਗਏ ।

ਸੋ, ਜੱਦ ਅਸੀਂ ਇਹਨਾ ਸਾਰਿਆਂ ਹਾਲਾਤਾਂ ਅਤੇ ਪਿਛੋਕੜ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਨਿਰੰਤਰ ਸਬਰ ਤੇ ਹੌਂਸਲੇ ਨਾਲ ਅਮਨ ਦਾ ਜਤਨ ਕਰਦਿਆਂ ਹੋਇਆਂ ਦੇਖਦੇ ਹਾਂ ਤਾਂ ਸਾਨੂੰ ਦਿਖਾਈ ਦਿੰਦਾ ਹੈ ਕਿ ਅਜਿਹਾ ਸਬਰ ਤੇ ਸ਼ਾਂਤੀ ਦਾ ਜਤਨ ਹੈ ਜਿਸ ਦੀ ਕੋਈ ਉਧਾਰਣ ਦੁਨੀਆ ਵਿੱਚ ਨਹੀਂ ਮਿਲ ਸਕਦੀ, ਆਪ ਨਿਰੰਤਰ ਇਸ ਜਤਨ ਵਿੱਚ ਸਨ ਕਿ ਅਮਨ ਦੇ ਹਾਲਾਤ ਪੈਦਾ ਹੋਣ। ਇਹਨਾ ਹਾਲਾਤਾਂ ਵਿੱਚ ਵੀ ਆਪਨੇ ਸੁਲਾਹ ਤੇ ਸੰਧੀ ਦਾ ਜਤਨ ਛੱਡਿਆ ਨਹੀਂ ਸਗੋਂ ਆਪ ਨੇ ਹਜ਼ਰਤ ਉਮਰ ਬਿਨ ਖ਼ਤਾਬ ਨੂੰ ਫ਼ਰਮਾਇਆ ਕਿ ਆਪ ਮੱਕੇ ਜਾਣ ਅਤੇ ਮੁਸਲਮਾਨਾ ਵੱਲੋਂ ਕੂਟਨੀਤੀ ਦਾ ਕਰਤਵ ਨਿਭਾਉਣ । ਹਜ਼ਰਤ ਉਮਰ ਨੇ ਅਰਜ਼ ਕੀਤੀ ਕਿ ਇਸ ਸੇਵਾ ਲਈ ਉਸਮਾਨ ਬਿਨ ਅਫ਼ਾਨ ਨੂੰ ਚੁਣਿਆ ਜਾਏ ਜਿੰਨ੍ਹਾ ਦਾ ਕਬੀਲਾ ਬਨੂ ਉਮਯੱਾ ਇਸ ਸਮੇਂ ਬਹੁਤ ਪ੍ਰਭਾਵੀ ਤੇ ਰਸੂਖ਼ ਵਾਲਾ ਹੈ ਅਤੇ ਮੱਕੇ ਵਾਲਾ ਹੈ । ਮੱਕੇ ਵਾਲੇ ਉਸਮਾਨ ਦੇ ਵਿਰੁਧ ਸ਼ਰਾਰਤ ਦੀ ਜੁਰੱਤ ਨਹੀਂ ਕਰ ਸਕਦੇ ਅਤੇ ਸਫ਼ਲਤਾ ਦੀ ਬਹੁਤੀ ਆਸ਼ਾ ਹੈ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਇਸ ਮਸ਼ਵਰੇ ਨੂੰ ਸਲਾਹਿਆ ਅਤੇ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਨੂੰ ਨਿਰਦੇਸ਼ ਦਿਤੱਾ ਕਿ ਉਹ ਮੱਕੇ ਜਾਣ ਅਤੇ ਕੁਰੈਸ਼ ਨੂੰ ਮੁਸਮਾਨਾ ਦੇ ਸ਼ਾਂਤਮਈ ਨਿਸ਼ਚਿਆਂ ਤੇ ਉਮਰੇ ਦੀ ਨੀਯੱਤ ਤੋਂ ਜਾਣੂ ਕਰਾਉਣ । ਆਪ ਜੀ ਸਲਲੱਾਹੁ ਅਲੈਹਿ ਵਸਲੱਮ ਨੇ ਆਪਣੇ ਵੱਲੋਂ ਇਕ ਲਿਖੱਤ ਪਤੱਰ ਵੀ ਦਿਤੱਾ ਜੋ ਮੱਕੇ ਦੇ ਰਈਸਾਂ ਦੇ ਨਾਂ ਸੀ । ਇਸ ਲੇਖਣੀ ਵਿੱਚ ਆਂਹਜ਼ਰਤ ਸਲਲਾਹੁ ਐਲਹਿ ਵਸਲੱਮ ਨੇ ਆਪਣੇ ਆਉਣ ਦਾ ਉਦੇਸ਼ ਵਰਨਣ ਕੀਤਾ ਅਤੇ ਕੁਰੈਸ਼ ਨੂੰ ਵਿਸ਼ਵਾਸ ਦੁਆਇਆ ਕਿ ਸਾਡੀ ਨੀਯੱਤ ਕੇਵਲ ਇਬਾਦਤ ਬਜਾ ਲਿਆਉਂਣਾ ਹੈ ਅਤੇ ਅਸੀਂ ਸ਼ਾਂਤੀ ਨਾਲ ਉਮਰਾ ਬਜਾ ਲਿਅਕੇ ਵਾਪਸ ਪਰਤ ਜਾਵਾਂਗੇ । ਆਪ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਉਸਮਾਨ ਨੂੰ ਇਹ ਆਖਿਆ ਕਿ ਮੱਕੇ ਵਿੱਚ ਜੋ ਮਾੜੇ ਮੁਸਮਾਨ ਹਨ ਉਹਨਾ ਨੂੰ ਵੀ ਮਿਲਣ ਦਾ ਜਤਨ ਕਰਨਾ ਅਤੇ ਉਹਨਾ ਦੀ ਹਿਮੱਤ ਵਧਾਉਂਣਾ ਅਤੇ ਆਖਣਾ ਕਿ ਰਤਾ ਸਬਰ ਤੇ ਹੌਂਸਲੇ ਨਾਲ ਕੰਮ ਲਓ । ਛੇਤੀ ਹੀ ਰੱਬ ਸਫ਼ਲਤਾ ਦੇ ਦਰ ਖੋਲਣ ਵਾਲਾ ਹੈ । ਇਹ ਸੰਦੇਸ਼ ਲੈਕੇ ਹਜ਼ਰਤ ਉਸਮਾਨ ਮੱਕੇ ਗਏ ਅਤੇ ਅਬੂ ਸੁਫ਼ਯਾਨ ਨੂੰ ਮਿਲਕੇ ਇਕ ਸਾਧਾਰਣ ਮਜਮੇ ਵਿੱਚ ਪੇਸ਼ ਹੋਏ । ਇਸ ਮਜਮੇ (ਇਕੱਠ) ਵਿੱਚ ਹਜ਼ਰਤ ਉਸਮਾਨ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਤਹਿਰੀਕ ਪੇਸ਼ ਕੀਤੀ ਪਰ ਇਹ ਹੁੰਦਿਆਂ ਹੋਇਆਂ ਵੀ ਸਾਰੇ ਲੋਕ ਆਪਣੇ ਇਸ ਹੱਠ'ਤੇ ਅੜੇ ਰਹੇ ਕਿ ਮੁਸਲਮਾਨ ਇਸ ਸਾਲ ਮੱਕੇ ਵਿੱਚ ਦਾਖ਼ਲ ਨਹੀਂ ਹੋ ਸਕਦੇ । ਹਜ਼ਰਤ ਉਸਮਾਨ ਦੇ ਬਹੁਤ ਜ਼ੋਰ ਦੇਣ'ਤੇ ਕੁਰੈਸ਼ ਨੇ ਕਿਹਾ ਕਿ ਜੇਕਰ ਤੁਹਾਨੂੰ ਬਹੁਤਾ ਸ਼ੌਕ ਹੈ ਤਾਂ ਅਸੀਂ ਤੁਹਾਨੂੰ ਵਿਅਕਤੀਗੱਤ ਰੂਪ ਵਿੱਚ ਬੈਤੁਲੱਾਹ ਦੀ ਪ੍ਰਕ੍ਰਮਾ ਦੀ ਆਗਿਆ ਦੇ ਸਕਦੇ ਹਾਂ । ਹਜ਼ਰਤ ਉਸਮਾਨ ਨੇ ਕਿਹਾ ਇਹ ਕਿਵੇਂ ਹੋ ਸਕਦਾ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਤਾਂ ਮੱਕੇ ਤੋਂ ਬਾਹਰ ਰੋਕੇ ਜਾਣ ਅਤੇ ਮੈਂ ਤਵਾਫ਼ (ਪ੍ਰਕ੍ਰਮਾ) ਕਰਾਂ ? ਪਰ ਕੁਰੈਸ਼ ਕਿਸੇ ਵੀ ਪ੍ਰਕਾਰ ਨ ਮੰਨ੍ਹੇ ਅਤੇ ਅਖ਼ੀਰ ਹਜ਼ਰਤ ਉਸਮਾਨ ਨੂੰ ਨਿਰਾਸ਼ ਅਵਸਥਾ ਵਿੱਚ ਪਰਤਨ ਦੀ ਤਿਆਰੀ ਕਰਨੀ ਪਈ । ਇਸ ਮੌਕੇ ਮੱਕੇ ਦੇ ਸ਼ਰਾਰਤੀ ਲੋਕਾਂ ਨੂੰ ਇਹ ਸ਼ਰਾਰਤ ਸੁੱਝੀ ਕਿ ਉਹਨਾ ਨੇ ਹਜ਼ਰਤ ਉਸਮਾਨ ਤੇ ਉਹਨਾਂ ਦੇ ਸਾਥੀਆਂ ਨੂੰ ਮੱਕੇ ਵਿੱਚ ਰੋਕ ਲਿਆ । ਇਸ'ਤੇ ਮੁਸਲਮਾਨਾ ਵਿੱਚ ਇਹ ਅਫ਼ਵਾਹ ਫ਼ੈਲੀ ਕਿ ਮੱਕੇ ਵਾਸੀਆਂ ਨੇ ਹਜ਼ਰਤ ਉਸਮਾਨ ਨੂੰ ਕਤਲ ਕਰ ਦਿਤੱਾ ਹੈ ।

ਜੱਦ ਇਹ ਖ਼ਬਰ ਹੁਦੈਬੀਅਹ ਪਹੁੰਚੀ ਤਾਂ ਮੁਸਲਮਾਨਾ ਵਿੱਚ ਅਤਿ ਦਾ ਜੋਸ਼ ਪੈਦਾ ਹੋਇਆ ਕਿਉਂਕਿ ਹਜ਼ਰਤ ਉਸਮਾਨ ਆਂਹਜ਼ਤ ਸਲਲੱਾਹੁ ਅਲੈਹਿ ਵਸਲੱਮ ਦੇ ਦਾਮਾਦ (ਜਵਾਈ) ਅਤੇ ਸਨਮਾਨਯੋਗ ਸਹਾਬਾ ਵਿੱਚੋਂ ਸਨ ਅਤੇ ਮੱਕੇ ਵਿੱਚ ਇਸਲਾਮੀ ਦੂਤ ਵੱਜੋਂ ਗਏ ਸਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਤਤਕਾਲ ਮੁਸਲਮਾਨਾ ਵਿੱਚ ਐਲਾਨ ਕਰਕੇ ਇਕ ਕਿਕੱਰ ਦੇ ਰੁੱਖ ਹੇਠ ਇਕੱਠਿਆਂ ਕੀਤਾ ਅਤੇ ਫ਼ਰਮਾਰਇਆ ਕਿ ਜੇਕਰ ਇਹ ਸੂਚਨਾ ਠੀਕ ਹੈ ਤਾਂ ਰੱਬ ਦੀ ਸਹੁੰ ਇਸ ਥਾਂ ਤੋਂ ਨਹੀਂ ਹਟਾਂਗੇ ਕਿ ਉਸਮਾਨ ਦਾ ਬਦਲਾ ਨ ਲੈ ਲੈਈਏ । ਫਿਰ ਆਪ ਨੇ ਸਹਾਬਾ ਨੂੰ ਫ਼ਰਮਾਇਆ ਆਓ ਮੇਰੇ ਹੱਥ'ਤੇ ਬੈਅਤ ਕਰਕੇ ਇਹ ਪ੍ਰਣ ਲਓ ਕਿ ਤੁਹਾਡੇ ਵਿੱਚੋਂ ਕੋਈ ਵਿਅਕਤੀ ਵੀ ਪਿੱਠ ਨਹੀਂ ਦਿਖਾਏਗਾ ਅਤੇ ਆਪਣੀ ਜਾਨ'ਤੇ ਖੇਡ ਜਾਵੇਗਾ ਪਰ ਕਿਸੇ ਵੀ ਹਾਲਤ ਵਿੱਚ ਇਹ ਥਾਂ ਨਹੀਂ ਛੱਡੇਗਾ । ਇਸ ਐਲਾਨ'ਤੇ ਸਹਾਬਾ ਬੈਅਤ ਲਈ ਇਸ ਪ੍ਰਕਾਰ ਟੁਟੱਕੇ ਪਏ ਕਿ ਇਕ ਦੂਜੇ'ਤੇ ਡਿਗੱਦੇ ਪੈਂਦੇ ਸਨ । ਜੱਦ ਬੈਅਤ ਹੋ ਰਹੀ ਸੀ ਤਾਂ ਆਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਆਪਣਾ ਖਬੱਾ ਹੱਥ ਆਪਣੇ ਸੱਜੇ ਹੱਥ'ਤੇ ਰੱਖ ਕੇ ਫ਼ਰਮਾਇਆ ਇਹ ਉਸਮਾਨ ਦਾ ਹੱਥ ਹੈ ਕਿਉਂਕਿ ਜੇਕਰ ਉਹ ਇੱਥੇ ਹੁੰਦਾ ਤਾਂ ਇਸ ਮੁਕਦੱਸ ਸਮੇਂ ਕਿਸੇ ਤੋਂ ਪਿੱਛੇ ਨ ਰਹਿੰਦਾ ਪਰ ਇਸ ਸਮੇਂ ਉਹ ਰੱਬ ਅਤੇ ਉਸ ਦੇ ਰਸੂਲ ਦੇ ਕੰਮਾ ਵਿੱਚ ਲੀਨ ਹੈ ।

ਇਸਲਾਮੀ ਇਤਿਹਾਸ ਵਿੱਚ ਇਹ ਬੈਅਤ 'ਬੈਅਤੇ ਰਿਜ਼ਵਾਨ' ਦੇ ਨਾਂ ਨਾਲ ਪ੍ਰਸਿੱਧ ਹੈ । ਅਰਥਾਤ ਉਹ ਬੈਅਤ ਜਿਸ ਵਿੱਚ ਮੁਸਲਮਾਨਾ ਨੇ ਰੱਬ ਦੀ ਕਾਮਲ ਰਜ਼ਾ ਦਾ ਪੁਰਸਕਾਰ ਪ੍ਰਾਪਤ ਕੀਤਾ । ਕੁਰਆਨ ਸ਼ਰੀਫ਼ ਨੇ ਵੀ ਇਸ ਬੈਅਤ ਦਾ ਵਿਸ਼ੇਸ਼ ਰੂਪ ਵਿੱਚ ਵਰਨਣ ਕੀਤਾ ਹੈ । ਸੋ, ਫ਼ਰਮਾਉਂਦਾ ਹੈ : لَقَدْ رَضِيَ اللّٰهُ عَنِ الْمُؤْمِنِيْنَ اِذْ يُبَايِعُوْنَكَ تَحْتَ الشَّجَرَةِ فَعَلِمَ مَا فِيْ قُلُوْبِهِمْ فَاَنْزَلَ السَّكِيْنَةَ عَلَيْهِمْ وَاَثَابَهُمْ فَتْحًا قَرِيْبًا ਅਰਥਾਤ ਰੱਬ ਖ਼ੁਸ਼ ਹੋ ਗਿਆ ਮੁਸਲਮਾਨਾ ਤੋਂ ਜੱਦ ਕਿ ਹੇ ਰਸੂਲ ਉਹ ਇਕ ਰੁੱਖ ਹੇਠ ਤੇਰੀ ਬੈਅਤ ਕਰ ਰਹੇ ਸਨ ਕਿਉਂਕਿ ਇਸ ਬੈਅਤ ਨਾਲ ਉਹਨਾ ਦੇ ਦਿਲਾਂ ਦੀਆਂ ਗੁਪਤ ਨੇਕੀਆਂ ਰੱਬ ਦੀ ਜ਼ਾਹਰੀ ਜਾਣਕਾਰੀ ਵਿੱਚ ਆ ਗਈਆਂ, ਸੋ, ਰੱਬ ਨੇ ਵੀ ਇਹਨਾ'ਤੇ ਸ਼ਾਂਤੀ ਨਾਜ਼ਲ ਕੀਤੀ ਅਤੇ ਇਹਨਾ ਨੂੰ ਇਕ ਨੇੜੇ ਹੀ ਆਉਣ ਵਾਲੀ ਸਫ਼ਲਤਾ ਦਾ ਪੁਰਸਕਾਰ ਪ੍ਰਦਾਨ ਕੀਤਾ । ਜੱਦ ਕੁਰੈਸ਼ ਨੂੰ ਇਸ ਬੈਅਤ ਦੀ ਸੂਚਨਾ ਮਿਲੀ ਤਾਂ ਉਹ ਡਰ ਗਏ ਅਤੇ ਨ ਕੇਵਲ ਹਜ਼ਰਤ ਉਸਮਾਨ ਅਤੇ ਉਹਨਾ ਦੇ ਸਾਥੀਆਂ ਨੂੰ ਅਜ਼ਾਦ ਕੀਤਾ ਸਗੋਂ ਆਪਣੇ ਏਲਚੀਆਂ (ਦੂਤਾਂ) ਨੂੰ ਵੀ ਨਿਰਦੇਸ਼ ਦਿਤੱਾ ਕਿ ਹੁਣ ਜਿਵੇਂ ਵੀ ਹੋ ਸਕੇ ਮੁਸਲਮਾਨਾ ਨਾਲ ਸੰਧੀ ਕਰ ਲਓ । ਇਸ ਸੰਧੀ ਦੀਆਂ ਸ਼ਰਤਾ ਹੇਠ ਲਿੱਖੀਆਂ ਅਨੁਸਾਰ ਸਨ ।

ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਅਤੇ ਆਪ ਦੇ ਸਾਥੀ ਇਸ ਸਾਲ ਵਾਪਸ ਪਰਤ ਜਾਣ । ਅਗਲੇ ਸਾਲ ਉਹ ਮੱਕੇ ਆਣਕੇ ਉਮਰੇ ਦੀ ਰੀਤ ਨਿਭਾ ਸਕਦੇ ਹਨ, ਪਰ ਕੇਵਲ ਮਿਆਨ ਵਿੱਚ ਬੰਦ ਤਲਵਾਰ ਦੇ ਹੋਰ ਕੋਈ ਸ਼ਸਤਰ ਨਾਲ ਨ ਹੋਵੇ ਅਤੇ ਮੱਕੇ ਵਿੱਚ ਤਿੰਨ ਦਿਨਾ ਤੋਂ ਬਹੁਤਾ ਨ ਠਹਿਰਣ ।

ਜੇਕਰ ਕੋਈ ਪੁਰੁਸ਼ ਮੱਕੇ ਵਾਸੀਆਂ ਵਿੱਚੋਂ ਮਦੀਨੇ ਜਾਵੇਗਾ ਭਾਵੇਂ ਉਹਨ ਮੁਸਮਾਨ ਹੀ ਹੋਵੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਉਸ ਨੂੰ ਮਦੀਨੇ ਵਿੱਚ ਪਨਾਹ ਨਹੀਂ ਦੇਣਗੇ ਅਤੇ ਵਾਪਸ ਪਰਤਾ ਦੇਣਗੇ । ਪਰੰਤੂ ਜੇਕਰ ਕੋਈ ਮੁਸਲਮਾਨ ਮਦੀਨਾ ਛਡੱਕੇ ਮੱਕੇ ਵਿੱਚ ਆ ਜਾਂਦਾ ਹੈ ਤਾਂ ਉਸਨੂੰ ਵਾਪਸ ਨਹੀਂ ਪਰਤਾਇਆ ਜਾਏਗਾ । ਅਰਬ ਦੇ ਕਬੀਲਿਆਂ ਵਿੱਚੋਂ ਜੋ ਕਬੀਲਾ ਚਾਹੇ ਮੁਸਲਮਾਨਾ ਦਾ ਮਿਤੱਰ ਬਣ ਜਾਏ ਅਤੇ ਜੋ ਚਾਹੇ ਮਕੱਾ ਵਾਸੀਆਂ ਦਾ ਮਿਤੱਰ ਬਣ ਜਾਏ । ਇਹ ਸੰਧੀ ਹੁਣ ਦੀ ਘੜੀ ਦੱਸ ਸਾਲ ਲਈ ਹੋਵੇਗੀ ਅਤੇ ਇਸ ਸਮੇਂ ਵਿੱਚ ਕੁਰੈਸ਼ ਅਤੇ ਮੁਸਲਮਾਨਾ ਵਿੱਚ ਜੰਗ ਬੰਦ ਰਹੇਗੀ ।

ਹਜ਼ੂਰ ਅਨਵਰ ਨੇ ਫਰਮਾਇਆ : ਹਜ਼ਰਤ ਉਸਮਾਨ ਦਾ ਜ਼ਿਕਰ ਇਨਸ਼ਾਅਲੱਾਹ ਭਵਿੱਖ ਵਿੱਚ ਵੀ ਹੋਵੇਗਾ । ਦੁਆਵਾਂ ਵੱਲ ਹੁਣ ਵੀ ਮੈਂ ਧਿਆਨ ਦੁਆਉਂਣਾ ਚਾਹੁੰਦਾ ਹਾਂ । ਪਾਕਿਸਤਾਨ ਦੇ ਹਾਲਾਤਾਂ ਬਾਰੇ ਵਿਸ਼ੇਸ਼ ਰੂਪ ਵਿੱਚ ਦੁਆ ਕਰੋ । ਅਹਮਦੀ ਘਰਾਂ ਦੀ ਵਲਗਣ (ਚਾਰਦਿਵਾਰੀ) ਵਿੱਚ ਹੁਣ ਵੀ ਸੁਰੱਖਿਅਤ ਨਹੀਂ ਹਨ । ਹਰ ਥਾਂ ਜਿੱਥੇ ਮੌਲਵੀ ਕਹਿੰਦਾ ਹੈ ਪੁਲਿਸ ਵਾਲੇ ਪਹੁੰਚ ਜਾਂਦੇ ਹਨ । ਕੁਝ ਸ਼ਰੀਫ਼ ਪੁਲਿਸ ਵਾਲੇ ਅਜਿਹੇ ਵੀ ਹਨ ਜੋ ਕਹਿੰਦੇ ਹਨ ਕਿ ਸਾਡੀਆਂ ਹਮਦਰਦੀਆਂ ਤੁਹਾਡੇ ਨਾਲ ਹਨ ਪਰ ਅਸੀਂ ਕੀ ਕਰੀਏ ਸਾਡੇ ਉਪੱਰ ਐਨ੍ਹਾ ਪ੍ਰੈਸ਼ਰ ਪੈਂਦਾ ਹੈ ਕਿ ਸਾਡੇ ਅਫ਼ਸਰ ਜੋ ਕਹਿੰਦੇ ਹਨ ਕਰਨਾ ਪੈਂਦਾ ਹੈ । ਸੋ, ਰੱਬ ਹੀ ਅਜਿਹੇ ਮਾੜੇ ਅਫ਼ਸਰਾਂ ਤੋਂ ਸਾਡੀ ਜਾਨ ਛੁਡਾਏ, ਦੇਸ਼ ਦੀ ਜਾਨ ਛੁਡਾਏ ਅਤੇ ਹਰ ਅਹਮਦੀ ਨੂੰ ਆਜ਼ਾਦੀ ਤੇ ਸੁਰੱਖਿਅਤ ਢੰਗ ਨਾਲ ਆਪਣੇ ਵਤਨ ਵਿੱਚ ਰਹਿਣ ਦਾ ਸੰਜੋਗ ਪ੍ਰਦਾਨ ਕਰੇ । ਵਿਸ਼ੇਸ਼ ਰੂਪ ਵਿੱਚ ਦੁਆਵਾਂ ਕਰਦੇ ਰਹੋ । ਜੇਕਰ ਇਹ ਦੁਆਵਾਂ ਅਰੰਭ ਰਹਿਣਗੀਆਂ ਤਾਂ ਇਨਸ਼ਾਅਲੱਾਹ ਛੇਤੀ ਹੀ ਅਸੀਂ ਦੇਖਾਂਗੇ ਕਿ ਵਿਰੋਧੀਆਂ ਦਾ ਅੰਤ ਅਤਿਅੰਤ ਭੈਭੀਤ ਕਰ ਦੇਣ ਵਾਲਾ ਹੋਵੇਗਾ । ਅਲੱਾਹ ਤਆਲਾ ਸਾਨੂੰ ਦੁਆਵਾਂ ਦਾ ਵੀ ਸੰਜੋਗ ਪ੍ਰਦਾਨ ਕਰੇ ਅਤੇ ਇਹਨਾ ਨੂੰ ਪਰਵਾਨ ਵੀ ਕਰੇ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ.

**Khulasa Khutba Jumma 29.01.2021**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131